# 2021-22 ਮੰਡੀਕਰਨ ਸਾਲ ਵਿੱਚ ਦਾਲਾਂ ਦੀ ਸਰਕਾਰੀ ਖ਼ਰੀਦ ਵਿੱਚ ਭਾਰੀ ਗਿਰਾਵਟ

ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਦੱਸਿਆ ਹੈ ਕਿ ਭਾਰਤੀ ਕੌਮੀ ਖੇਤੀਬਾੜੀ ਸਹਿਕਾਰੀ ਮੰਡੀਕਰਨ ਫੈਡਰੇਸ਼ਨ ਲਿਮਿਟੇਡ (ਨੈਫੇਡ) ਦੇ ਅੰਕੜਿਆਂ ਮੁਤਾਬਿਕ, 2021-22 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਦੇਸ਼ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਦਾਲਾਂ ਦੀ ਸਰਕਾਰੀ ਖ਼ਰੀਦ ਵਿੱਚ 70 ਫ਼ੀਸਦੀ ਦੀ ਭਾਰੀ ਗਿਰਾਵਟ ਦੇਖੀ ਗਈ ਹੈ। ਸੀ ਏ ਸੀ ਪੀ ਨੇ ਕਿਹਾ ਕਿ ਨੈਫੇਡ ਤੋਂ ਮਿਲੇ ਅੰਕੜਿਆਂ ਮੁਤਾਬਿਕ, 30 ਜੂਨ 2021 ਤੱਕ ਸਿਰਫ਼ 6,27,500 ਮੀਟ੍ਰਿਕ ਟਨ ਦਾਲਾਂ ਦੀ ਖ਼ਰੀਦ ਕੀਤੀ ਗਈ ਜਿਹੜੀ ਕਿ 2020-21 ਹਾੜ੍ਹੀ ਮੰਡੀਕਰਨ ਮੌਸਮ ਵਿੱਚ 21,43,300 ਮੀਟ੍ਰਿਕ ਟਨ ਸੀ।

ਸੀ ਏ ਸੀ ਪੀ ਨੇ ਆਪਣੀ 'ਹਾੜ੍ਹੀ ਦੀਆਂ ਫ਼ਸਲਾਂ ਦੀ ਮੁੱਲ ਨੀਤੀ: 2022-23 ਮੰਡੀਕਰਨ ਮੌਸਮ' ਵਿੱਚ ਦੱਸਿਆ ਕਿ ਪਿਛਲੇ ਮੰਡੀਕਰਨ ਮੌਸਮ ਯਾਨੀ 2020-21 ਵਿੱਚ ਔਸਤ ਮੰਡੀ ਭਾਅ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਤੋਂ ਕਰੀਬ 10 ਫ਼ੀਸਦੀ ਥੱਲੇ ਰਹਿਣ ਕਰਕੇ ਛੋਲਿਆਂ ਦੀ ਸਰਕਾਰੀ ਖ਼ਰੀਦ ਵਿੱਚ ਭਾਰੀ ਵਾਧਾ ਹੋਇਆ। 2020-21 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਛੋਲਿਆਂ ਦੀ ਕੁੱਲ ਸਰਕਾਰੀ ਖ਼ਰੀਦ 21 ਲੱਖ ਟਨ ਤੋਂ ਵੱਧ ਸੀ ਜਿਹੜੀ ਕਿ ਦੇਸ਼ ਵਿੱਚ ਫ਼ਸਲ ਦੀ ਕੁੱਲ ਪੈਦਾਵਾਰ ਦਾ 19.3 ਫ਼ੀਸਦੀ ਸੀ।

ਕਮਿਸ਼ਨ ਨੇ ਕਿਹਾ ਕਿ ਚਾਲੂ ਹਾੜ੍ਹੀ ਮੰਡੀਕਰਨ ਮੌਸਮ ਯਾਨੀ 2021-22 ਵਿੱਚ ਬਜ਼ਾਰ ਵਿੱਚ ਵਧਦੇ ਭਾਅ ਦੇ ਰੁਝੇਂਵਿਆਂ ਕਰਕੇ ਛੋਲਿਆਂ ਦੀ ਸਰਕਾਰੀ ਖ਼ਰੀਦ ਕੁੱਲ ਪੈਦਾਵਾਰ ਦਾ 5 ਫ਼ੀਸਦੀ ਰਹਿ ਗਈ। ਕੁੱਲ ਪੈਦਾਵਾਰ ਵਿੱਚ ਖ਼ਰੀਦ ਦਾ ਹਿੱਸਾ ਰਾਜਸਥਾਨ ਵਿੱਚ 0.6 ਫ਼ੀਸਦੀ ਤੋਂ ਲੈ ਕੇ ਗੁਜਰਾਤ ਵਿੱਚ 11.6 ਫ਼ੀਸਦੀ ਤੱਕ ਸੀ, ਜਿਸ ਵਿੱਚ ਪੂਰੇ ਭਾਰਤ ਦੀ ਔਸਤ ਲਗਭਗ 5 ਫ਼ੀਸਦੀ ਸੀ, ਜਿਹੜੀ ਪੈਦਾਵਾਰ ਦੇ 25 ਫ਼ੀਸਦੀ ਦੀ ਮੌਜੂਦਾ ਖ਼ਰੀਦ ਦੀ ਹੱਦ ਤੋਂ ਬਹੁਤ ਘੱਟ ਹੈ।

ਪਿਛਲੇ 3 ਮੌਸਮਾਂ ਦੌਰਾਨ ਘੱਟ ਮਾਤਰਾ ਵਿੱਚ ਮਸਰਾਂ ਦੀ ਖ਼ਰੀਦ ਕੀਤੀ ਗਈ ਹੈ। ਨੈਫੇਡ ਦੇ ਮੁਤਾਬਿਕ ਦੇਸ਼ ਵਿੱਚ 30 ਜੂਨ, 2021 ਤੱਕ ਸਿਰਫ਼ 20 ਮੀਟ੍ਰਿਕ ਟਨ ਮਸਰਾਂ ਦੀ ਖ਼ਰੀਦ ਹੋਈ ਹੈ, ਜਦੋਂ ਕਿ 2020-21 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਇਹ 1,400 ਮੀਟ੍ਰਿਕ ਟਨ ਸੀ।

ਸੀ ਏ ਸੀ ਪੀ ਦੇ ਮੁਤਾਬਿਕ, ਦੇਸ਼ ਵਿੱਚ ਦਾਲਾਂ ਦੀ ਪੈਦਾਵਾਰ ਪਿਛਲੇ ਦੋ ਸਾਲਾਂ ਤੋਂ ਵਧ ਕੇ 2020-21 ਵਿੱਚ ਲਗਭਗ 11 ਫ਼ੀਸਦੀ ਦੀ ਸਾਲਾਨਾ ਦਰ ਨਾਲ 255.8 ਲੱਖ ਮੀਟ੍ਰਿਕ ਟਨ ਦੇ ਰਿਕਾਰਡ ਪੱਧਰ ਉੱਤੇ ਪਹੁੰਚ ਗਈ ਹੈ। ਹਾੜ੍ਹੀ ਦੀਆਂ ਦਾਲਾਂ ਵਿੱਚੋਂ ਛੋਲਿਆਂ ਦੀ ਪੈਦਾਵਾਰ ਵਿੱਚ ਪਿਛਲੇ ਸਾਲ ਦੇ ਮੁਕਾਬਲੇ 2020-21 ਵਿੱਚ ਲਗਭਗ 14 ਫ਼ੀਸਦੀ ਵਾਧੇ ਦਾ ਅੰਦਾਜ਼ਾ ਹੈ, ਜਦੋਂ ਕਿ ਮਸਰਾਂ ਦੀ ਪੈਦਾਵਾਰ ਵਿੱਚ ਵੀ ਅਜਿਹਾ ਉਛਾਲ (14.6 ਫ਼ੀਸਦੀ) ਦਿਸਣ ਦੀ ਉਮੀਦ ਹੈ।

ਸੀ ਏ ਸੀ ਪੀ ਨੇ ਕਿਹਾ ਕਿ ਛੋਲਿਆਂ ਦੀ ਪੈਦਾਵਾਰ ਵਿੱਚ ਵਾਧਾ ਮੁੱਖ ਰੂਪ ਵਿੱਚ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਵੱਧ ਉਤਪਾਦਨ ਦੇ ਕਾਰਨ ਹੋਇਆ ਹੈ। "2020-21 ਹਾੜ੍ਹੀ ਮੰਡੀਕਰਨ ਸੀਜ਼ਨ ਦੌਰਾਨ ਗੁਜਰਾਤ ਨੇ ਛੋਲਿਆਂ ਦੀ ਪੈਦਾਵਾਰ ਵਿੱਚ 102 ਫ਼ੀਸਦੀ ਦਾ ਵਾਧਾ ਦਿਖਾਇਆ। ਭਾਰਤ ਵਿੱਚ ਕੁੱਲ ਮਸਰਾਂ ਦੀ ਪੈਦਾਵਾਰ ਵਿੱਚ 38 ਫ਼ੀਸਦੀ ਹਿੱਸੇਦਾਰੀ ਨਾਲ ਉੱਤਰ ਪ੍ਰਦੇਸ਼ ਸਭ ਤੋਂ ਵੱਡਾ ਉਤਪਾਦਕ ਬਣਿਆ ਹੋਇਆ ਹੈ," ਕਮਿਸ਼ਨ ਨੇ ਕਿਹਾ।

ਕਮਿਸ਼ਨ ਨੇ ਕਿਹਾ ਕਿ ਭਾਰਤ ਵਿੱਚ ਦਾਲਾਂ ਦੀ ਪੂਰਤੀ ਮੁੱਖ ਰੂਪ ਵਿੱਚ ਘਰੇਲੂ ਪੈਦਾਵਾਰ ਅਤੇ ਘਾਟੇ ਅਤੇ ਅੰਤਰਰਾਸ਼ਟਰੀ ਕੀਮਤਾਂ ਦੇ ਆਧਾਰ 'ਤੇ ਦਰਾਮਦ ਦੀ ਮਾਤਰਾ ਨਾਲ ਹੁੰਦੀ ਹੈ। 2020-21 ਵਿੱਚ ਦਾਲਾਂ ਦੀ ਦਰਾਮਦ ਕਰੀਬ 25 ਲੱਖ ਮੀਟ੍ਰਿਕ ਟਨ ਹੈ, ਜਿਹੜੀ ਕਿ ਪਿਛਲੇ ਸਾਲ 29 ਲੱਖ ਮੀਟ੍ਰਿਕ ਟਨ ਦੇ ਆਯਾਤ ਤੋਂ 15 ਫ਼ੀਸਦੀ ਘੱਟ ਹੈ।

ਭੰਡਾਰਨ ਦੇ ਮਾਮਲੇ ਵਿੱਚ ਪਿਛਲੇ ਕੁਝ ਮੰਡੀਕਰਨ ਮੌਸਮਾਂ ਦੌਰਾਨ ਦਾਲਾਂ ਦੀ ਘੱਟ ਖ਼ਰੀਦ ਦੇ ਕਾਰਨ, 2020-21 ਵਿੱਚ ਦਾਲਾਂ ਉਪਲਬਧਤਾ ਘਟ ਕੇ 6.3 ਲੱਖ ਮੀਟ੍ਰਿਕ ਟਨ ਹੋ ਗਈ ਹੈ।

**ਮੁੱਖ ਉਤਪਾਦਕ ਰਾਜਾਂ ਵਿੱਚ ਛੋਲਿਆਂ ਅਤੇ ਮਸਰਾਂ ਦੀ ਖ਼ਰੀਦ (ਮੀਟ੍ਰਿਕ ਟਨ ਵਿੱਚ)**

| **ਫ਼ਸਲ** | **ਰਾਜ** | **2019-20 ਹਾੜ੍ਹੀ ਮੰਡੀਕਰਨ ਮੌਸਮ** | **2020-21 ਹਾੜ੍ਹੀ ਮੰਡੀਕਰਨ ਮੌਸਮ** | ***2021-22 ਹਾੜ੍ਹੀ ਮੰਡੀਕਰਨ ਮੌਸਮ** |
|---|---|---|---|---|
| ਛੋਲੇ | ਤੇਲੰਗਾਨਾ | 34,500 (21.1%) | 47,600 (23.9%) | 16,700 (7.1%) |
| | ਰਾਜਸਥਾਨ | 1,20,400 (6.5%) | 6,15,700 (23.2%) | 17,500 (0.6%) |
| | ਮਹਾਰਾਸ਼ਟਰ | 22,350 (1.6%) | 3,70,700 (16.6%) | 2,19,000 (9.3) |
| | ਆਂਧਰਾ ਪ੍ਰਦੇਸ਼ | 3,500 (1.4%) | 1,27,900 (22.9%) | 10,100 (1.8%) |
| | ਮੱਧ ਪ੍ਰਦੇਸ਼ | 5,76,800 (14.4%) | 7,06,300 (25.9%) | 1,93,700 (6.5%) |
| | ਗੁਜਰਾਤ | 17,900 (7.6%) | 1,24,000 (19.5%) | 1,48,400 (11.6) |
| | ਹਰਿਆਣਾ | 200 (0.3%) | 10,600 (22.5%) | 0 |
| | ਉੱਤਰ ਪ੍ਰਦੇਸ਼ | 700 (0.1%) | 38,500 (4.5%) | 0 |
| | ਕਰਨਾਟਕ | 30 (0%) | 1,01,800 (15.1%) | 22,000 (3.5%) |

| | | | | |
|---|---|---|---|---|
| | ਕੁੱਲ ਭਾਰਤ | 7,76,400 (7.8%) | 21,43,300 (19.3%) | 6,27,500 (5%) |
| ਮਸਰ | ਮੱਧ ਪ੍ਰਦੇਸ਼ | 56,100 (17%) | 1,400 (0.5%) | 20 (0%) |
| | ਉੱਤਰ ਪ੍ਰਦੇਸ਼ | 200 (0%) | 0 | 0 |
| | ਕੁੱਲ ਭਾਰਤ | 56,200 (4.6%) | 1,400 (0.1%) | 20 (0%) |

[ਨੋਟ: *30 ਜੂਨ, 2021 ਨੂੰ

ਬਰੈਕਟ ਵਿੱਚ ਦਿੱਤੇ ਗਏ ਅੰਕੜੇ ਫ਼ੀਸਦੀ ਵਿੱਚ ਰਾਜ ਵਿੱਚ ਕੁੱਲ ਪੈਦਾਵਾਰ ਦੀ ਖ਼ਰੀਦ ਨੂੰ ਦਰਸਾਉਂਦੇ ਹਨ

ਸ੍ਰੋਤ: ਭਾਰਤੀ ਕੌਮੀ ਖੇਤੀਬਾੜੀ ਸਹਿਕਾਰੀ ਮੰਡੀਕਰਨ ਫੈਡਰੇਸ਼ਨ ਲਿਮਿਟੇਡ (ਨੈਫੇਡ)]

**ਭਾਰਤ ਵਿੱਚ ਦਾਲਾਂ ਦੀ ਘਰੇਲੂ ਪੂਰਤੀ ਦੀ ਹਾਲਤ (ਲੱਖ ਟਨ ਵਿੱਚ)**

| **ਵੇਰਵਾ** | **2018-19** | **2019-20** | **2020-21** |
|---|---|---|---|
| ਪੈਦਾਵਾਰ | 220.8 | 230.3 | 255.8 |
| ਦਰਾਮਦ | 25.7 | 29.4 | 25 |
| ਬਰਾਮਦ | 2.9 | 2.3 | 2.9 |
| ਭੰਡਾਰ | 21.9* | 22.3 | 6.3$ |

[ਨੋਟ: * 1 ਅਪ੍ਰੈਲ, 2019 ਨੂੰ, $31 ਮਾਰਚ, 2021 ਨੂੰ

**ਸ੍ਰੋਤ**: 1) ਡੀ ਜੀ ਸੀ ਆਈ ਐਸ ਦੇ ਬਰਾਮਦ ਅਤੇ ਦਰਾਮਦ ਅੰਕੜਿਆਂ ਤੋਂ, 2) ਨੈਫੇਡ ਦੇ ਅੰਕੜਿਆਂ ਤੋਂ, 3) ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਅਰਥਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ ਦੇ ਅੰਕੜਿਆਂ ਤੋਂ]

**2022-23 ਹਾੜ੍ਹੀ ਮੰਡੀਕਰਨ ਮੌਸਮ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **2022-23 ਦੇ ਲਈ ਐੱਮ ਐੱਸ ਪੀ (ਰੁਪਏ/ਕੁਇੰਟਲ)** | **2021-22 ਦੇ ਲਈ ਐੱਮ ਐੱਸ ਪੀ (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ ਫੀਸਦੀ ਵਿੱਚ** |
|---|---|---|---|---|
| ਛੋਲੇ | 5,230 | 5,100 | 130 | 3% |
| ਮਸਰ | 5,500 | 5,100 | 400 | 8% |